# ਪ੍ਰਧਾਨ ਮੰਤਰੀ ਫਰਾਂਸ ਗਣਰਾਜ ਦੇ ਪੈਰਿਸ ਪਹੁੰਚੇ

13 ਜੁਲਾਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 13 ਜੁਲਾਈ 2023 ਦੀ ਦੁਪਹਿਰ ਨੂੰ ਪੈਰਿਸ ਪਹੁੰਚੇ।

2. ਇਸ ਵਿਸ਼ੇਸ਼ ਮੌਕੇ 'ਤੇ, ਫਰਾਂਸ ਦੀ ਪ੍ਰਧਾਨ ਮੰਤਰੀ, ਮਾਣਯੋਗ ਸ਼੍ਰੀਮਤੀ ਐਲਿਜ਼ਾਬੇਥ ਬੋਰਨ ਨੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਮੋਦੀ ਦਾ ਰਸਮੀ ਸਵਾਗਤ ਕਰਨ ਸਮੇਤ ਉਹਨਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ।

3. ਪ੍ਰਧਾਨ ਮੰਤਰੀ ਮੋਦੀ ਫਰਾਂਸ ਦੇ ਰਾਸ਼ਟਰਪਤੀ ਮਾਣਯੋਗ ਮਿਸਟਰ ਇਮੈਨੁਅਲ ਮੈਕਰੋਨ ਦੇ ਸੱਦੇ 'ਤੇ ਬੈਸਟਿਲ ਦਿਵਸ ਪਰੇਡ 'ਚ ਵਿਸੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਹ ਦੌਰਾ ਭਾਰਤ-ਫਰਾਂਸ ਰਣਨੀਤਕ ਭਾਈਵਾਲੀ ਦੀ 25ਵੀਂ ਵਰ੍ਹੇਗੰਢ ਦੇ ਜਸ਼ਨ ਦਾ ਲਖਾਇਕ ਵੀ ਹੈ।

**ਪੈਰਿਸ**
**13 ਜੁਲਾਈ, 2023**